ਵੱਲੋ

ਨਿਰਦੇਸ਼ਕ ਖੋਜ
ਗੁਰੂ ਅੰਗਦ ਦੇਵ ਵੈਟੀ. ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ
ਲੁਧਿਆਣਾ।

ਵੱਲ

ਸ਼੍ਰੀ ਅਮਰੀਕ ਸਿੰਘ
ਪਿੰਡ ਤੇ ਡਾ: ਢੰਢਾਰੀ ਕਲਾਂ
ਮਕਾਨ ਨੰ. 1128, ਤਹਿਸੀਲ ਅਤੇ ਜਿਲਾ, ਲੁਧਿਆਣਾ
ਮੀਮੋ ਨੰਬਰ / ਨਿਰਦੇਸ਼ਕ ਖੋਜ/13 6285-97
ਮਿਤੀ: 20/12/13

ਵਿਸ਼ਾ: ਸਕਾਇਤ ਬਾਬਤ ਮਿਤੀ 01/01/2006 ਤੋਂ ਤਨਖਾਹ ਫਿਕਸ ਕਰਕੇ ਬਣਦਾ ਏਰੀਅਰ ਦੇਣ ਬਾਰੇ ਅਤੇ ਜਮੀਨ ਦੀ ਪਾਵਰ ਆਫ ਅਟਾਰਨੀ ਵਾਪਿਸ ਕਰਵਾਉਣ ਬਾਰੇ।

ਉਪਰੋਕਤ ਵਿਸੇ ਤੇ ਆਪ ਦੁਆਰਾ 12/12/2013 ਦਾ ਪੱਤਰ ਜੋ ਕਿ ਮਾਨਯੋਗ ਉਪ-ਕੁਲਪਤੀ ਸਾਹਿਬ ਗੁਰੂ ਅੰਗਦ ਦੇਵ ਵੈਟੀ. ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਨੂੰ ਸਪੀਡ ਪੋਸਟ **EP 228044639 IN** ਰਾਹੀ ਭੇਜਿਆ ਗਿਆ ਇਸ ਡਾਇਰੈਕਟੋਰੇਟ ਵਿੱਚ ਪ੍ਰਾਪਤ ਹੋਇਆ ਹੈ।

ਆਪ ਦਾ ਧਿਆਨ ਇਸ ਡਾਇਰੈਕਟੋਰੇਟ ਦੇ ਮੀਮੋ ਨੰਬਰ 3978-89ਮਿਤੀ 21/11/2013 ਵੱਲ ਦਿਵਾਉਦੇ ਹੋਏ ਫਿਰ ਦਸਿਆ ਜਾਂਦਾ ਹੈ ਕਿ ਆਪ ਦੁਆਰਾ ਦਰਸ਼ਾਏ ਗਏ ਨੁਕਤਿਆਂ

1. ਆਪ ਦੀ 01/01/2006 ਤੋਂ ਤਨਖਾਹ ਸੋਧੇ ਸਕੇਲਾਂ ਵਿੱਚ ਫਿਕਸ ਕਰਕੇ ਬਣਦਾ ਏਰੀਅਰ ਦੇ ਭੁਗਤਾਨ ਬਾਰੇ
2. ਪੁਰਾਣੀ ਸਰਵਿਸ ਕਾਊਟਿੰਗ/ ਐਡਿੰਗ ਕਰਨ ਬਾਰੇ
3. ਪੈਨਸ਼ਨ ਮਿਤੀ 01/08/2010 ਤੋ ਲਾਗੂ ਕਰਨ ਬਾਰੇ
4. ਰਿਟਾਇਰਮੈਂਟ ਦੀ ਅਦਾਇਗੀ ਨਵੇ ਸਕੇਲਾਂ 01/01/2006 ਤੋਂ ਦੇਣ ਬਾਰੇ

ਦਾ ਜਵਾਬ ਆਪ ਨੂੰ ਉਪਰੋਕਤ ਮੀਮੋ ਨੰਬਰ ਰਾਹੀ ਦਿੱਤਾ ਜਾ ਚੁਕਿਆ ਹੈ।

ਇਹ ਚਾਰ ਨੁਕਤੇ ਇਸ ਡਾਇਰੈਕਟੋਰੇਟ ਨਾਲ ਸਬੰਧਿਤ ਹਨ। ਜਮੀਨ ਦੀ ਪਾਵਰ ਆਫ ਅਟਾਰਨੀ ਦਾ ਇਸ ਦਫਤਰ ਨਾਲ ਕੋਈ ਸਬੰਧ ਨਹੀਂ ਹੈ ਜੀ। ਇਹਨਾਂ ਮੁਦਿਆਂ ਨੂੰ ਆਪ ਦੀ ਤਸੱਲੀ ਮੁਤਾਬਿਕ ਨਜਿਠਣ ਲਈ ਇਸ ਡਾਇਰੈਕਟੋਰੇਟ ਨੇ ਇਕ ਕਮੇਟੀ ਦਾ ਗਠਨ ਕੀਤਾ ਹੈ। ਆਪ ਨੂੰ ਆਪਣੀ ਪਸੰਦ ਦੇ ਦੋ ਵਿਅਕਤੀ ਇਸ ਕਮੇਟੀ ਵਿੱਚ ਲਿਆਉਣ ਲਈ ਕਿਹਾ ਗਿਆ ਪ੍ਰੰਤੂ ਆਪ ਨੇ ਇਸ ਪਾਸੇ ਵੀ ਸਹਿਯੋਗ ਨਹੀਂ ਦਿੱਤਾ।

ਆਪ ਨੇ ਖੁਦ ਹੀ ਆਪਣੇ ਇਹਨਾਂ ਮੁਦਿਆਂ ਤੇ ਲੁਧਿਆਣਾ ਦੀ **Industrial Tribunal Judicial Complex** ਵਿੱਚ ਕੇਸ ਇਸ ਯੂਨੀਵਰਸਿਟੀ ਵਿਰੁੱਧ ਦਰਜ ਕਰਵਾਇਆ। ਯੂਨੀਵਰਸਿਟੀ ਨੇ ਵਕੀਲ ਸਹਿਬਾਨ **engage** ਕਰਕੇ ਆਪਣਾ ਪੱਖ ਜੱਜ ਸਾਹਿਬਾਨ ਸਾਹਮਣੇ ਰਖਿਆ। ਆਪ ਦੁਆਰਾ ਆਪਣਾ ਪੱਖ ਜੱਜ ਸਾਹਿਬ ਅੱਗੇ ਨਾ ਰੱਖਣ ਕਰਕੇ ਕੇਸ ਖਾਰਿਜ ਹੋਇਆ ਹੈ ਜੀ।

ਇਸ ਡਾਇਰੈਕਟੋਰੇਟ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੁਕਮਾਂ ਮੁਤਾਬਿਕ ਆਪ ਦੁਆਰਾ ਉਠਾਏ ਨੁਕਤਿਆਂ ਪ੍ਰਤੀ ਡਾਇਰੈਕਟੋਰੇਟ ਨਾਲ ਸਬੰਧਿਤ ਜਵਾਬ ਯੂਨੀਵਰਸਿਟੀ ਦੀ ਵੈਬਸਾਈਟ (ਨੈਟ) ਤੇ ਪਾ ਦਿੱਤਾ ਹੈ। ਇਹ ਵੀ ਆਪ ਦੀ ਸੂਚਨਾ ਹਿੱਤ ਹੈ ਜੀ।

ਇਹ ਬੜੀ ਹੈਰਾਨੀ ਦੀ ਗਲ ਹੈ ਕਿ ਵਾਰ ਵਾਰ ਆਪ ਨੂੰ ਇਸ ਦਫਤਰ ਨੇ ਉਪਰੋਕਤ ਮੁਦਿਆਂ ਬਾਬਤ ਤੱਥਾਂ ਸਮੇਤ ਲਿਖਤ ਰੂਪ/ ਜੁਬਾਨੀ ਤੌਰ ਤੇ ਦਸਿਆਂ ਹੈ ਕਿ ਇਸ ਦਫਤਰ ਵੱਲ ਆਪ ਦਾ ਕੋਈ ਬਕਾਇਆ ਨਹੀਂ ਰਹਿੰਦਾ ਹੈ ਜੀ। ਆਪ ਨੂੰ ਅਣਲੋੜੀਦਾ ਪੱਤਰ ਵਿਹਾਰ ਕਰਨ ਤੋਂ ਗੁਰੇਜ ਕਰਨ ਦੀ ਬੇਨਤੀ ਕੀਤੀ ਹੈ ਜੀ। ਪ੍ਰੰਤੂ ਆਪ ਲਗਾਤਾਰ ਉਚ ਸੰਸਥਾਵਾਂ/ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰਦੇ ਆ ਰਹੇ ਹੋ।
ਇਸ ਨਾਲ ਬੇਵਜਹ ਇਸ ਡਾਇਰੈਕਟੋਰੇਟ ਦੇ ਅਕਸ ਤੇ ਅਸਰ ਪੈਦਾ ਹੈ।

ਆਸ ਹੈ ਕਿ ਹੁਣ ਆਪ ਇਸ ਦਫਤਰ ਦੀ ਬੇਨਤੀ ਤੇ ਲੋੜੀਦੀ ਕਾਰਵਾਈ ਕਰੋਗੇ ਜੀ।

ਨਿਰਦੇਸ਼ਕ ਖੋਜ ,ਗਡਵਾਸੂ ਲੁਧਿਆਣਾ

ਉਤਾਰਾ :-

1. ਮਾਨਯੋਗ ਰਾਸ਼ਟਰਪਤੀ ਸਾਹਿਬ ਭਾਰਤ ਸਰਕਾਰ, ਨਵੀਂ ਦਿੱਲੀ
2. ਮਾਨਯੋਗ ਮੁੱਖ ਮੰਤਰੀ ਸਾਹਿਬ, ਚੰਡੀਗੜ੍ਹ, ਪੰਜਾਬ
3. ਮਾਨਯੋਗ ਪ੍ਰਮੁੱਖ ਸਕੱਤਰ ਸਾਹਿਬ, ਕਮਰਾ ਨੰ. 28, ਛੇਵੀਂ ਮੰਜਲ, ਚੰਡੀਗੜ੍ਹ, ਪੰਜਾਬ
4. ਮਾਨਯੋਗ ਵਿੱਤ ਕਮਿਸਨਰ ਵਿਕਾਸ, ਚੰਡੀਗੜ੍ਹ, ਪੰਜਾਬ ਸਰਕਾਰ
5. ਮਾਨਯੋਗ ਵਿੱਤ ਕਮਿਸ਼ਨਰ ਮਾਲ ਵਿਭਾਗ, ਚੰਡੀਗੜ੍ਹ, ਪੰਜਾਬ ਸਰਕਾਰ
6. ਮਾਨਯੋਗ ਪ੍ਰਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ, ਪੰਜਾਬ ਸਰਕਾਰ ।
7. ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ
8. ਮਾਨਯੋਗ ਉਪ ਮੰਡਲ ਮੈਜਿਸਟੇਰਟ, ਜਗਰਾਉ, ਲੁਧਿਆਣਾ
9. ਮਾਨਯੋਗ ਉਪ ਕੁਲਪਤੀ ਸਾਹਿਬ, ਗਡਵਾਸੂ, ਲੁਧਿਆਣਾ
10. ਯੂਨੀਵਰਸਿਟੀ ਲਾਇਬਰੇਰੀ, ਗਡਵਾਸੂ, ਲੁਧਿਆਣਾ
11. ਨਿਰਦੇਸ਼ਕ ਵਿਦਿਆਰਥੀ ਭਲਾਈ ਤੇ ਮਿਲਖ ਅਫਸਰ ਗਡਵਾਸੂ ਲੁਧਿਆਣਾ.
12. ਰਜਿਸਟਰਾਰ ਗਡਵਾਸੂ ਲੁਧਿਆਣਾ -